ਅਧਿਆਇ ਚੌਥਾ

## ਗੁਰਦੁਆਰਾ ਸੁਧਾਰ ਲਹਿਰ ਜਾਰੀ ਹੋਣ ਦੇ ਕਾਰਨ

"ਗੁਰਦੁਆਰਿਆਂ ਦੀ ਆਜਾਦੀ ਦਾ ਅਕਾਲੀ ਸੰਗਰਾਮ", ਸੋਹਨ ਸਿੰਘ ਜੋਸ਼ ਲਿਖਦੇ ਹਨ, 'ਇਕ ਬੜਾ ਮਹਾਨ ਤੇ ਵਿਸ਼ਾਲ ਸੰਗਰਾਮ ਸੀ । ਇਹ ਕੁਛ ਪਹਿਲੂਆਂ ਵਿਚ ਕਾਂਗਰਸ ਦੇ ਆਜ਼ਾਦੀ ਸੰਗਰਾਮ ਨੂੰ ਵੀ ਮਾਤ ਦੇ ਗਿਆ ਸੀ । ਸਖਤੀ, ਮਾਰ-ਕੁਟਾਈ, ਜੇਲ-ਤਸੱਦਦ, ਮੌਤ-ਗਿਣਤੀ ਵੈਗਰਾ ਨੂੰ ਵੇਖਿਆ ਜਾਵੇ ਤਾਂ ਕੌਮੀ ਕਾਂਗਰਸ ਇਸ ਛੋਟੇ ਇਲਾਕੇ ਦੀਆਂ ਕੁਰਬਾਨੀਆਂ ਦਾ ਮੁਕਾਬਲਾ ਨਹੀਂ ਕਰ ਸਕਦੀ । ਜਿਨ੍ਹਾਂ ਅਕਾਲੀ ਤਹਿਰੀਕ ਨੇ ਪਿੰਡਾਂ ਦੀ ਆਮ ਜਨਤਾ ਨੂੰ ਆਪਣੇ ਵਲ ਖਿਚਿਆ , ਕਾਂਗਰਸ ਦੀ ਤਹਿਰੀਕ ਨਹੀਂ ਸੀ ਖਿੱਚ ਸਕੀ । ਅਕਾਲੀ ਤਹਿਰੀਕ ਦੀ ਬੁਨਿਆਦ ਆਮ ਕਿਰਸਾਨ ਤੇ ਗਰੀਬ ਪੇਂਡੂ ਲੋਕ ਸਨ । ਇਸ ਤਹਿਰੀਕ ਨੂੰ ਬਾਹਰਲੇ ਆਗੂ ਵੀ ਚੰਗੇ ਸੁਚੱਜੇ ਤੇ ਕੁਰਬਾਨੀ ਵਾਲੇ ਮਿਲ ਗਏ ਸਨ । ਇਸ ਲਈ ਇਹ ਅੰਗਰੇਜ਼ ਸਰਕਾਰ ਨਾਲ ਚੰਗਾ ਲੋਹਾ ਲੈ ਸਕੇ ਅਤੇ ਕਈ ਤਕੜੀਆਂ ਪਰਾਪਤੀਆਂ ਹਾਸਲ ਕਰ ਸਕੀ ।"[1]

ਸਿੱਖਾਂ ਦੇ ਜੀਵਨ ਵਿਚ ਗੁਰਦੁਆਰੇ ਦਾ ਵਿਸ਼ੇਸ਼ ਅਸਥਾਨ ਹੈ । ਸਿੱਖ ਧਰਮ ਵਿਚ ਗੁਰਦੁਆਰੇ ਕੇਵਲ ਧਾਰਮਿਕ ਸਿਖਿਆ ਦਾ ਕੇਂਦਰ ਧਾਰਮਿਕ ਦਾ ਅੰਗ ਹੀ ਨਹੀਂ ਹਨ ਬਲਕਿ ਰੋਜਾਨਾ ਦੇ ਸਮਾਜਿਕ ਜੀਵਨ ਦਾ ਅੰਗ ਹਨ । ਪ੍ਰੋ. ਰੁਚੀ ਰਾਮ ਸਹਾਨੀ ਲਿਖਦੇ ਹਨ, "ਅੱਛੇ ਸਿਖ ਲਈ ਗੁਰਦੁਆਰਾ ਪੂਜਾ ਅਸਥਾਨ ਨਾਲੋ ਵੱਧ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਆਤਮਿਕ ਮਾਰਗ-ਦਰਸ਼ਨ ਦੀ ਪੁਸਤਕ ਤੋਂ ਵੱਧ ਹੈ । ਸਾਡੀ ਕਲਪਨਾ ਤੋਂ ਪਰੇ ਦੋਨੋ ਸਮਾਜਿਕ ਰਾਜਨੀਤਕ ਅਤੇ ਰੂਹਾਨੀ ਜੀਵਨ ਅਤੇ ਆਰੰਭ ਤੋਂ ਅੰਤ ਤੱਕ ਸਾਰੀ ਲਹਿਰ ਦੇ ਵਿਕਾਸ ਨਾਲ੍ਹ ਬਹੁਤ ਨਜਦੀਕੀ ਤੌਰ ਤੇ ਸਬੰਧਤ ਹਨ ਸਿੱਖਾਂ ਲਈ ਗ੍ਰੰਥ ਸਾਹਿਬ ਗੁਰੂਆਂ ਦੇ ਜੀਵਨ ਅਤੇ ਉਪਦੇਸ਼ ਦੀ ਜਿੰਦ ਜਾਨ ਹਨ ਜਦ ਕਿ ਗੁਰਦੁਆਰੇ ਨਾ ਕੇਵਲ ਆਤਮਿਕ ਅਤੇ ਰਾਜਨੀਤਕ ਸੰਘਰਸ਼ ਦਾ ਜੀਵਤ ਸਾਕਾਰ ਰੂਪ ਹਨ ਬਲਕਿ ਸਾਰੇ ਸੰਪਰਦਾਇ ਦੇ ਹਰ ਰੋਜ਼ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਨਾਲ ਸੰਬਧਤ ਹਨ ।"[2]

ਸੰਗਤ ਲਈ ਲੰਗਰ ਅਤੇ ਠਹਿਰਨ ਦਾ ਪ੍ਰਬੰਧ ਹੁੰਦਾ ਹੈ । ਗੁਰਦੁਆਰੇ ਵਿਚ ਬਚਿਆ ਨੂੰ ਪੜ੍ਹਾਇਆ ਵੀ ਜਾਂਦਾ ਹੈ । ਖੁਸ਼ੀ ਤੇ ਗਮੀ ਦੇ ਅਵਸਰਾਂ ਤੇ ਸਿੱਖ ਗੁਰਦੁਆਰੇ ਵਿਚ ਇਕੱਤਰ ਹੁੰਦੇ ਹਨ । ਸਿੱਖਾਂ ਦੀ ਅਰਦਾਸ ਵਿਚ ਗੁਰਦੁਆਰਿਆਂ ਲਈ ਇਹ ਸ਼ਬਦਾਂ ਦਾ ਪ੍ਰਯੋਗ ਹੁੰਦਾ ਹੈ , "ਪੰਜ ਤਖਤ ਸਾਹਿਬਾਨ, ਸਮੂੰਹ ਗੁਰਦਵਾਰੇ, ਚੌਂਕੀਆਂ, ਝੰਡੇ, ਬੁੰਗ ਜਗੋ ਜੁਗ ਅਟੱਲ ।" ਇਸ ਦਾ ਭਾਵ ਹੈ ਕਿ ਜਿਥੇ ਸਿੱਖ ਹਰ ਰੋਜ਼ ਆਪਣੀ ਅਰਦਾਸ ਵਿਚ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਪੰਜਾਂ ਪਿਆਰਿਆਂ, ਚਾਲ੍ਹੀ ਮੁਕਤਿਆਂ, ਨਾਮ ਜਪਣ ਵਾਲੇ ਧਰਮੀਆਂ, ਸੂਰਬੀਰਾਂ ਤੇ ਸ਼ਹੀਦਾਂ ਨੂੰ ਯਾਦ ਕਰਦੇ ਹਨ, ਉਥੇ ਗੁਰਦੁਆਰਿਆਂ ਬਾਰੇ ਵੀ ਜ਼ਿਕਰ ਆਉਂਦਾ ਹੈ ।

ਸਿੱਖ ਇਹ ਬਰਦਾਸ਼ਤ ਨਹੀਂ ਕਰ ਸਕਦੇ ਸਨ ਕਿ ਉਨ੍ਹਾਂ ਦੇ ਗੁਰਦੁਆਰਿਆਂ ਤੇ ਦੁਰਾਚਾਰੀ ਮਹੰਤਾਂ ਜਾਂ ਪੁਜਾਰੀਆਂ ਦਾ ਕਬਜ਼ਾ ਹੋਵੇ । ਦੁਰਾਚਾਰੀ ਮਹੰਤਾਂ ਨੇ ਕਈ ਗੁਰਦੁਆਰਿਆਂ ਵਿਚ ਸਿੱਖ ਸੰਗਤਾਂ ਦੇ ਦਾਖਲ ਹੋਣ ਤੇ ਰੋਕ ਲਾਈ ਹੋਈ ਸੀ ।

ਗਿਆਨੀ ਪ੍ਰਤਾਪ ਸਿੰਘ ਲਿਖਦੇ ਹਨ ਕਿ ਅਕਾਲੀ ਲਹਿਰ ਦੇ ਆਰੰਭ ਲਹਿਰ ਦੇ ਆਰੰਭ ਹੋਣ ਦਾ ਕਾਰਨ ਸੀ ਸਿੱਖਾਂ ਦਾ ਕੌਮੀ ਆਚਰਨ ! ਸਿੱਖ ਰਾਜ ਵੇਲੇ ਗੁਰਦੁਆਰਿਆਂ ਤੇ ਮਹੰਤਾਂ ਜਾਂ "ਗੁਰਦੁਆਰਿਆਂ ਪਰ ਮਹੰਤਾਂ ਤੇ ਪੁਜਾਰੀਆਂ

ਦਾ ਸਖਸ਼ੀ ਕਬਜ਼ਾ ਰਹਿਣਾ, ਸਿੱਖਾਂ ਦੇ ਸਮਾਜਕ ਤੇ ਪੰਚਾਇਤੀ ਸੁਭਾਵ ਦੇ ਵਿਰੁਧ ਸੀ, ਇਸ ਲਈ ਅਕਾਲੀ ਲਹਿਰ ਦਾ ਚਲਣਾ ਜ਼ਰੂਰੀ ਸੀ ।"[3]

ਮਹੰਤਾਂ ਤੇ ਪੁਜਾਰੀਆਂ ਵਿਚ ਗਿਰਾਵਟ ਆ ਗਈ ਸੀ । ਇਹ ਲੋਕ ਗੁਰਦੁਆਰਿਆਂ ਦੀ ਆਮਦਨ ਜਾਂ ਸੰਪਤੀ ਨੂੰ ਨਿੱਜੀ ਸਮਝ ਕੇ ਉਸ ਦੀ ਦੁਰ-ਵਰਤੋਂ ਕਰਦੇ ਸਨ । ਲਗ ਭਗ ਸਾਰੇ ਮਹੰਤ ਅਤੇ ਪੁਜਾਰੀ ਬਦ ਚਲਣ ਹੋ ਗਏ ਹਨ । ਉਹ ਸ਼ਰਾਬੀ ਕਬਾਬੀ ਉਨ੍ਹਾਂ ਕਾਰਨ ਗੁਰਦੁਆਰਿਆਂ ਅਤੇ ਡੇਰਿਆਂ ਵਿਚ ਕਈ ਤਰ੍ਹਾਂ ਦੀਆਂ ਕੁਰੀਤੀਆਂ ਪ੍ਰਚਲਿਤ ਹੋ ਗਈਆਂ ਸਨ। ਬਦਚਲਨ ਮਹੰਤ ਅਤੇ ਪੁਜਾਰੀ ਗੁਰਦੁਆਰਿਆਂ ਦੀ ਪਵਿਤਰਤਾ ਭੰਗ ਕਰਦੇ ਸਨ । ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਦੀ ਬਹੁਤ ਜ਼ਰੂਰਤ ਸੀ ।

ਸੋਹਨ ਸਿੰਘ ਜੋਸ਼ ਲਿਖਦੇ ਹਨ, "ਅਕਾਲੀ ਆਗੂਆਂ ਨੇ ਗੁਰਦੁਆਰਾ ਤਹਿਰੀਕ ਨੂੰ ਗੁਰਦੁਆਰਾ ਸੁਧਾਰ ਦੀ ਤਹਿਰੀਕ ਆਖਿਆ ਸੀ ਪਰ ਅਸਲ ਵਿਚ ਇਹ ਨਿਰੀ ਗੁਰਦੁਆਰਾ ਸੁਧਾਰ ਦੀ ਲਹਿਰ ਨਹੀਂ ਸੀ, ਮੁਖ ਤੌਰ ਤੇ ਇਹ ਗੁਰਦੁਆਰਿਆਂ ਦੀ ਆਜ਼ਾਦੀ ਦੀ ਲਹਿਰ ਸੀ ।"[4] ਅੰਗਰਜ਼ੀ ਸਰਕਾਰ ਨੇ ਗੁਰਦੁਆਰਿਆਂ ਤੇ ਪੂਰਾ ਕਬਜ਼ਾ ਕੀਤਾ ਹੋਇਆ ਸੀ । ਗੱਦੀਦਾਰ ਮਹੰਤ ਅਫ਼ਸਰਾਂ ਦੇ ਵਫਾਦਾਰ ਸਨ । ਦੁਰਾਚਾਰ , ਬਦਕਾਰੀ ਅਤੇ ਭਰਿਸ਼ਟਾਚਾਰ ਉਨ੍ਹਾਂ ਦੇ ਔਗੁਣ ਸਨ । ਸਿੱਖ ਸੰਗਤ ਉਨ੍ਹਾਂ ਤੋਂ ਘਿਰਣਾ ਕਰਦੀ ਸੀ । ਮਹੰਤ ਗੁਰਦੁਆਰਿਆਂ ਦੀ ਅਮਦਨੀ ਨਾਲ ਐਸ਼ ਕਰਦੇ ਸਨ । ਆਪਣੀਆਂ ਗੱਦੀਆਂ ਬਚਾਉਣ ਲਈ ਅਤੇ ਆਪਣੇ ਗੁਨਾਹਾਂ ਤੇ ਪਰਦਾ ਪਾਉਣ ਲਈ ਉਹ ਸਰਕਾਰੀ ਅਫ਼ਸਰਾਂ ਨੂੰ ਖੁਸ਼ ਰਖਦੇ ਸਨ । ਅੰਗਰੇਜ਼ੀ ਸਰਕਾਰ ਮਹੰਤਾਂ ਦੇ ਜ਼ਰੀਏ ਗੁਰਦੁਆਰਿਆਂ ਤੇ ਕਬਜ਼ਾ ਸੀ । ਇਨ੍ਹਾਂ ਵਿਚ ਅੰਗਰੇਜ਼ੀ ਰਾਜ ਦੇ ਸਦੀਵੀ ਰਹਿਣ ਦੇ ਲਈ ਅਰਦਾਸ ਹੁੰਦੀ ਸੀ ।

ਗੁਰਦੁਆਰਿਆਂ ਵਿਚ ਸੁਧਾਰ ਕਰਨ ਦੀ ਆਵਾਜ਼ ਉਠਾਣ ਵਾਲੇ ਸਿੱਖਾਂ ਨੂੰ ਮਹੰਤ ਅਤੇ ਪੁਜਾਰੀ ਨਫਰਤ ਨਾਲ ਦੇਖਦੇ ਸਨ । ਦੇਸ਼-ਸੇਵਕਾਂ ਦੇ ਵਿਰੁੱਧ ਸਿੱਖੀ ਤੋਂ ਪਤਿਤ ਹੋਣ ਦੇ ਫਤਵੇ ਦਿੰਦੇ ਸਨ । ਅਛੂਤਾਂ ਦੇ ਸਿੰਘ ਸਜਣ ਤੇ ਅਰਦਾਸ ਨਹੀਂ ਕਰਦੇ ਸਨ । ਕਿੰਨੇ ਸ਼ਰਮ ਦੀ ਗੱਲ ਹੈ ਕਿ ਜਨਰਲ ਡਾਇਰ ਵਰਗੇ ਵਹਿਸ਼ੀ ਨੂੰ 'ਸਿੱਖ' ਬਣਾਣ ਦਾ ਨਾਟਕ ਦਰਬਾਰ ਸਾਹਿਬ ਦਾ ਸਰਬਰਾਹ ਰਚਦਾ ਹੈ ਜਦੋਂ ਕਿ ਉਹ ਕੌਮਾਗਾਟਾ ਮਾਰੂ ਜਹਾਜ਼ ਵਿਚ ਆਏ ਬਜ ਬਜ ਘਾਟ ਦੇ ਸਾਕੇ ਵਿਚ ਪਕੜੇ ਗਏ ਸਿੰਘਾਂ ਨੂੰ ਪਤਿਤ ਕਹਿੰਦਾ ਹੈ ।

ਗੁਰਦੁਆਰਿਆਂ ਦੇ ਮਹੰਤਾਂ ਤੇ ਅੰਗਰੇਜ਼ੀ ਸਰਕਾਰ ਦੀ ਬੜੀ ਕ੍ਰਿਪਾ ਸੀ । ਮਹੰਤਾਂ ਨੇ ਧਰਮ-ਅਰਥ ਜਾਇਦਾਦਾਂ ਨੂੰ ਆਪਣੀ ਨਿੱਜੀ ਸੰਪਤੀ ਬਣਾ ਲਿਆ ਸੀ । ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਰਜਵਾੜਿਆਂ ਨੇ ਗੁਰਦੁਆਰਿਆਂ ਨੂੰ ਜਗੀਰਾਂ ਦਿਤੀਆਂ ਹੋਈਆਂ ਸਨ । ਗੁਰਦੁਆਰਿਆਂ ਦੇ ਨਾਂ ਸ਼ਰਧਾਲੂਆਂ ਨੇ ਜਾਇਦਾਦਾਂ ਕਰਾਈਆਂ ਹੋਈਆਂ ਸਨ । ਬੰਦੋਬਤਸ ਵੇਲੇ ਇਹ ਮਹੰਤ ਜਮੀਨਾਂ ਮਾਲਕ ਬਣਾ ਦਿਤੇ ਗਏ । ਇਸ ਦਾ ਸਿੱਟਾ ਇਹ ਹੋਇਆ ਕਿ ਮਹੰਤਾਂ ਨੇ ਵਿਆਹ ਕਰਾ ਲਏ, ਗੁਰਦੁਆਰਿਆਂ ਵਿਚ ਸਿੱਖ ਸੰਗਤਾਂ ਨੂੰ ਆਉਣ ਤੋਂ ਰੋਕ ਦਿਤਾ ਅਤੇ ਜਮੀਨਾਂ ਦੇ ਮਾਲਕ ਬਣ ਗਏ । ਕਈ ਮਹੰਤਾਂ ਨੇ ਵਿਆਹ ਨਹੀਂ ਕਰਾਏ । ਪਰ ਉਹ ਬਦਚਲਨ ਸਨ ।

ਅੰਗਰੇਜ਼ੀ ਰਾਜ ਵਿਚ ਵਡੇ ਗੁਰਦੁਆਰਿਆਂ ਦੇ ਮਹੰਤ ਹੌਲੀ ਹੌਲੀ ਸਿੱਖਾਂ ਦੇ ਨਿਯੰਤਰਣ ਤੋਂ ਆਜ਼ਾਦ ਹੋ ਗਏ ਸਨ । ਸਿੱਖ ਸੰਗਤ ਦੇ ਮਹੰਤ ਨੂੰ ਚੁਨਣ ਦੇ ਅਧਿਕਾਰ ਕਾਰਜਕਾਰੀ ਅਤੇ ਵਿੱਤ ਅਫ਼ਸਰਾਂ ਨੇ ਲੈ ਲਏ ਸਨ । ਉਹ ਮਹੰਤ ਦੀ ਨਿਯਕੁਤੀ ਕਰਦੇ ਸਨ । ਇਨ੍ਹਾਂ ਅਫ਼ਸਰਾਂ ਦੀ ਸਹਾਇਤਾ ਨਾਲ ਮਹੰਤ ਜਮੀਨਾਂ ਦੇ ਮਾਲਕ ਬਣ ਗਏ ਅਤੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਸੰਪਤੀ ਸਮਝਣ ਲਗੇ । ਅੰਗਰੇਜ਼ੀ ਸਰਕਾਰ ਨੇ ਆਪਣੇ ਅਫ਼ਸਰਾਂ ਦੇ ਸਿਧੇ ਜਾਂ ਅਸਿੱਧੇ ਪ੍ਰਭਾਵ ਰਾਹੀਂ ਬਦਚਲਨ ਮਹੰਤਾਂ ਨੂੰ ਗੁਰਦੁਆਰਿਆਂ ਦਾ ਮਾਲਕ ਬਣਾ ਦਿਤਾ ।

ਦਰਬਾਰ ਸਾਹਿਬ ਦਾ ਪ੍ਰਬੰਧ ਸੁਧਾਰਣ ਲਈ ਅਤੇ ਪੁਜਾਰੀਆਂ ਦੇ ਝਗੜਿਆਂ ਦਾ ਨਿਪਟਾਰਾ ਕਰਨ ਲਈ 22 ਦਸੰਬਰ, 1950● ਨੂੰ ਰਾਜਾ ਤੇਜਾ ਸਿੰਘ ਦੇ ਮਕਾਨ ਵਿਚ ਅੰਮ੍ਰਿਤਸਰ ਦੇ ਮੁੱਖੀ ਸਿੰਘਾਂ ਦਾ ਇਕੱਠ ਹੋਇਆ । ਉਸ ਵਿਚ ਮਿਸਟਰ ਕੂਪਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਭੀ ਸੀ । ਇਸ ਇਕੱਤਰਤਾ ਵਿਚ ਦਰਬਾਰ ਸਾਹਿਬ ਦਾ ਪ੍ਰਬੰਧ ਕਰਨ ਲਈ ਨੌਂ ਅੰਮ੍ਰਿਤਧਾਰੀ ਸਿੰਘਾਂ ਦੀ ਇਕ ਕਮੇਟੀ ਬਣਾਈ ਗਈ ਜਿਸ ਦਾ ਪ੍ਰਧਾਨ ਸਰਕਾਰ ਵਲੋਂ ਨਿਯੁਕਤ ਕੀਤਾ ਹੋਇਆ ਸਰਬਰਾਹ ਸੀ । ਸੰਨ 1883 ਤਕ ਸਰਬਰਾਹ ਕਮੇਟੀ ਦੀ ਸਲਾਹ ਨਾਲ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਠੀਕ ਤਰ੍ਹਾਂ ਚਲਾਉਂਦਾ ਰਿਹਾ । ਇਸ ਤੋਂ ਪਿਛੋਂ ਕਮੇਟੀ ਖ਼ਤਮ ਹੋ ਗਈ । ਸਾਰਾ ਪ੍ਰਬੰਧ ਸਰਬਰਾਹ ਕਰਨ ਲਗਾ । ਉਹ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਅਧੀਨ ਸੀ । ਉਸ ਨੂੰ ਅੰਗਰੇਜ਼ੀ ਸਰਕਾਰ ਹੀ ਨਿਯੁਕਤ ਕਰਦੀ ਸੀ ।

ਸੰਨ 1919 ਤਕ ਚੀਫ ਖਾਲਸਾ ਦੀਵਾਨ ਸਿੱਖਾਂ ਦੀ ਇਕੋ ਇਕ ਕੇਂਦਰੀ ਜਾਮਾਤ ਸੀ ਅਤੇ "ਸਰਦਾਰ ਸੁੰਦਰ ਸਿੰਘ ਮਜੀਠੀਏ ਉਸ ਵੇਲੇ ਸਿੱਖ ਕੌਮ ਦੇ ਵਾਹਦ ਲੀਡਰ ਗਿਣੇ ਜਾਂਦੇ ਸਨ ।" ......"ਇਸ ਕੇਂਦਰੀ ਜਥੇਬੰਦੀ ਉਤੇ ਖਾਨਦਾਨੀ ਸਰਦਾਰਾਂ ਅਤੇ ਧਨਾਢ ਸਿੱਖਾਂ ਦਾ ਕਬਜ਼ਾ ਸੀ ਅਤੇ ਇਨ੍ਹਾਂ ਨੂੰ ਅੰਗਰੇਜ਼ ਸਰਕਾਰ ਨੇ 'ਕੁਦਰਤੀ ਆਗੂ' ਮੰਨਿਆ ਹੋਇਆ ਸੀ । ਚੀਫ ਖਾਲਸਾ ਦੀਵਾਨ ਧਾਰਮਿਕ ਦੀਵਾਨ ਲਾਉਦਾ ਤੇ ਹੋਰ ਧਰਮ ਪਰਚਾਰ ਦਾ ਕੰਮ ਤਾਂ ਜ਼ਰੂਰ ਕਰਦਾ ਸੀ ਪਰ ਜਿਸ ਤਰ੍ਹਾਂ ਨੌਜੁਆਨ ਮੁੰਡੇ ਉਹਨਾਂ ਦਿਨੀ ਹਾਸੇ ਨਾਲ ਕਹਿੰਦੇ ਹੁੰਦੇ ਸਨ : ਚੀਫ ਖਾਲਸਾ ਦੀਵਾਨ ਲਈ 'ਸਭ ਤੋਂ ਉਚੀ ਸਿਖ ਕੌਮ ਅਤੇ ਉਸ ਤੋਂ ਉਚੀ ਸਰਕਾਰ ਇੰਗਲਿਸੀਅ' ਸੀ । ਸਰਕਾਰ ਨਾਲ ਹਰ ਤਰ੍ਹਾਂ ਮਿਲਵਰਤਣ ਕਰਨਾ ਅਤੇ ਆਪਣੇ ਲਈ ਤੇ ਸਿਖਾਂ ਲਈ ਕੁਛ ਅਹੁਦੇ ਲੈਣਾ ਤੇ ਫਾਇਦੇ ਉਠਾਣਾ-ਏਹੋ ਹੀ ਚੀਫ ਖਾਲਸਾ ਦੀਵਾਨ ਦਾ ਵਡਾ ਮਨੋਰਥ ਸੀ ।"[5]

ਅੰਗਰੇਜ਼ ਸਾਮਰਾਜ ਦੇ ਭਾਰਤ ਵਿਚ ਸਭ ਤੋਂ ਵਡੇ ਹਿਮਾਇਤੀ ਰਜਵਾੜੇ, ਜਾਗੀਰਦਾਰ ਤੇ ਸੌਦਾਗਰ ਸਰਮਾਏਦਾਰ ਸਨ । ਉਨ੍ਹਾਂ ਨੇ 1857 ਦੇ ਵਿਦ੍ਰੋਹ ਵੇਲੇ ਅੰਗ੍ਰੇਜ਼ਾਂ ਦੀ ਸਹਾਇਤਾ ਕੀਤੀ ਸੀ । ਅੰਗਰੇਜ਼ਾਂ ਨੇ ਉਨ੍ਹਾਂ ਨੇ ਜਾਗੀਰਾਂ, ਅਹੁਦੇ ਤੇ ਰਿਆਇਤਾਂ ਦਿਤੀਆਂ ਸਨ । ਸ਼੍ਰੇਣੀ ਹਿਤਾਂ ਅਤੇ ਸੁਆਰਥ ਕਾਰਨ ਇਹ ਅੰਗਰੇਜ਼ ਸਰਕਾਰ ਸਾਮਰਾਜ ਦੇ ਨਾਲ ਜੁੜੇ ਹੋਏ ਸਨ । ਅੰਗਰੇਜ਼ ਅਫ਼ਸਰ ਇਨ੍ਹਾਂ ਦੀ ਸੰਤਾਨ ਨੂੰ ਉੱਚ ਪਦਵੀਆਂ ਤੇ ਨਿਯੁਕਤ ਕਰਦੇ ਸਨ । ਅੰਗਰੇਜ਼ ਅਫ਼ਸਰ ਆਮ ਲੋਕਾਂ ਨਾਲ ਬੜੀ ਘਿਰਣਾ ਕਰਦੇ ਸਨ ।

ਪੰਜਾਬ ਦੇ ਰਜਵਾੜਿਆਂ ਅਤੇ ਜਾਗੀਰਦਾਰਾਂ ਨੇ 1857 ਦੇ ਵਿਦ੍ਰੋਹ ਵੇਲੇ ਅੰਗਰੇਜ਼ਾਂ ਦੀ ਬੜੀ ਸਹਾਇਤਾ ਕੀਤੀ ਸੀ । ਜੇ ਇਹ ਅੰਗਰੇਜ਼ਾਂ ਦੀ ਸਹਾਇਤਾ ਨਾ ਕਰਦੇ ਤਾਂ ਅੰਗਰੇਜ਼ਾਂ ਦੇ ਰਾਜ ਦਾ ਅੰਤ ਹੋ ਜਾਣਾ ਸੀ । ਇਨ੍ਹਾਂ ਨੂੰ ਸਰਕਾਰ ਨੇ ਬੜੀਆਂ ਜਾਗੀਰਾਂ ਦਿਤੀਆਂ ਹੋਈਆਂ ਸਨ । ਇਹ ਅੰਗ੍ਰੇਜ਼ੀ ਸਰਕਾਰ ਦੇ ਵਫਾਦਾਰ ਸਨ ।

ਚੀਫ ਖਾਲਸਾ ਦੀਵਾਨ ਉਤੇ ਇਹਨਾਂ ਜਾਗੀਰਦਾਰਾਂ ਦਾ ਕਬਜ਼ਾ ਸੀ । ਇਹਨਾਂ ਖਾਨਦਾਨੀ ਸਰਦਾਰਾਂ ਦੇ ਬਜੁਰਗਾਂ ਨੇ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਕੁਝ ਇਤਿਹਾਸਕ ਕਾਰਨਾਮੇ ਕੀਤੇ ਸਨ , ਇਸ ਲਈ ਲੋਕਾਂ ਵਿਚ ਇਨ੍ਹਾਂ ਦਾ ਮਾਨ ਸੀ । ਇਨ੍ਹਾਂ ਸਰਦਾਰਾਂ ਦਾ ਮਤ ਸੀ ਕਿ ਸਿੱਖਾਂ ਦਾ ਭਲਾ ਅੰਗਰੇਜ਼ੀ ਰਾਜ ਦੀ ਵਫਾਦਾਰੀ ਵਿਚ ਹੈ । ਅੰਗਰੇਜ਼ ਅਫ਼ਸਰਾਂ ਨੇ ਸਕੂਲ ਅਤੇ ਕਾਲਜ ਚਲਾਣ ਵਿਚ ਸਹਾਇਤਾ ਕੀਤੀ ਸੀ, ਬਾਰਾਂ ਵਿਚ ਸਿੱਖਾਂ ਨੂੰ ਜ਼ਮੀਨਾਂ ਦਿਤੀਆਂ ਸਨ ਅਤੇ ਫੌਜ ਵਿਚ ਸਿੱਖਾਂ ਨੂੰ ਭਰਤੀ ਕੀਤਾ ਸੀ ਅਤੇ ਪਦਵੀਆਂ ਦਿਤੀਆਂ ਸਨ । ਇਨ੍ਹਾਂ ਨੂੰ ਉਹ ਅੰਗਰੇਜ਼ਾਂ ਦਾ ਸਿੱਖਾਂ ਉਤੇ ਬੜਾ ਉਪਕਾਰ ਮੰਨਦੇ ਸਨ । ਇਸ ਲਈ ਉਹ ਅੰਗਰੇਜ਼ੀ ਰਾਜ ਦੀ ਨਾਰਾਜ਼ਗੀ ਬਰਦਾਸ਼ਤ ਨਹੀਂ ਕਰ ਸਕਦੇ ਸਨ । ਸੋਹਨ ਸਿੰਘ ਜੋਸ ਲਿਖਦੇ ਹਨ , "ਇਨ੍ਹਾਂ ਰਾਜਸੀ ਅੰਨ੍ਹਿਆਂ ਨੂੰ ਇਹ ਨਹੀਂ ਸੀ ਨਜ਼ਰ ਆਉਂਦਾ ਕਿ ਅੰਗਰੇਜ਼ ਸਾਮਰਾਜ ਸਿੱਖਾਂ ਨੂੰ ਹਿੰਦੁਸਤਾਨ ਦੀ ਗੁਲਾਮੀ ਮਜ਼ਬੂਤ ਕਰਨ ਲਈ ਵਰਤ ਰਿਹਾ ਹੈ ।

ਅਤੇ ਉਹਨਾਂ ਅਗੇ ਕੁਛ ਲਗੇ ਸੜੇ ਟੁਕੜੇ ਸੁਟਕੇ , ਕੌਮੀ ਆਜ਼ਾਦੀ ਤੀ ਤਹਿਰੀਕ ਨਾਲੋਂ ਨਿਖੇੜ ਕੇ ਆਜ਼ਾਦੀ ਪਸੰਦ ਲੋਕਾਂ ਵਿਚ ਬਦਨਾਮ ਕਰ ਰਿਹਾ ਹੈ ਅਤੇ ਅੰਗਰੇਜ਼ ਰਾਜ ਦੇ ਪਿਠੂਆਂ ਦੀਆਂ ਸਫਾਂ ਵਿਚ ਸ਼ਾਮਲ ਕਰਕੇ ਆਪਣੀ ਲੁੱਟ-ਚੁੰਘ ਲਈ ਆਪਣਾ ਰਾਹ ਸਾਫ ਤੇ ਮੋਕਲਾ ਕਰ ਰਿਹਾ ਹੈ । ਇਹ ਸਿੱਖ ਆਗੂ ਏਨੇ ਨਿਘਰ ਗਏ ਸਨ ਕਿ ਅੰਗਰੇਜ਼ ਰਾਜ ਦੀ "ਸੱਜੀ ਬਾਹ" ਤੇ "ਚੰਗੇ ਪੁਤਰ" ਅਖਵਾ ਕੇ, ਸ਼ਰਮਿੰਦੇ ਨਹੀਂ, ਸਗੋਂ ਖੁਸ਼ ਹੁੰਦੇ ਸਨ ।"[6]

ਚੀਫ ਖਾਲਸਾ ਦੀਵਾਨ ਦੇ ਆਗੂ ਸਰਕਾਰ ਨੂੰ ਨਾਰਾਜ ਨਹੀਂ ਕਰ ਸਕਦੇ ਸਨ । ਗੁਰਦੁਆਰਿਆਂ ਅਤੇ ਵਿਦਿਆ ਉਤੇ ਸਰਕਾਰ ਨੇ ਕਬਜ਼ਾ ਕਰ ਲਿਆ ਸੀ । ਗੁਰਦੁਆਰਿਆਂ ਦੇ ਦੁਰਾਚਾਰੀ ਮਹੰਤਾਂ ਦੇ ਜ਼ਰੀਏ ਸਰਕਾਰ ਗੁਰਦੁਆਰਿਆਂ ਤੇ ਕਾਬਜ਼ ਸੀ । ਚੀਫ ਖਾਲਸਾ ਦੀਵਾਨ ਨੇ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਕੰਧ ਢਾਹ ਦੇਣ ਦੀ ਕੰਧ ਢਾਹ ਦੇਣ ਦੀ ਮਨਜੂਰੀ ਦੇ ਦਿਤੀ ਸੀ । ਗੁਰਦੁਆਰਿਆਂ ਵਿਚ ਕੁਰੀਤੀਆਂ ਵਿੱਚ ਵਾਧਾ ਹੋਇਆ ਸੀ । ਇਨ੍ਹਾਂ ਆਗੂਆਂ ਨੇ ਮਤੇ ਪਾਸ ਕਰਨ ਜਾਂ ਕਿਤੇ ਕਿਤੇ ਮੁਕੱਦਮੇ ਦਾਇਰ ਕਰਨ ਤੋਂ ਬਿਨਾਂ ਕੁਝ ਨਹੀਂ ਕੀਤਾ । ਇਸ ਦਾ ਸਿੱਟਾ ਕੁਝ ਨਹੀਂ ਨਿਕਲਿਆ । ਸਿੱਖਾਂ ਦੀ ਹਰ ਅੰਗਰੇਜ਼ ਵਿਰੋਧੀ ਲਹਿਰ ਦੀ ਵਿਰੋਧਤਾ ਕਰਨੀ ਇਹਨਾਂ ਦਾ ਕੰਮ ਸੀ ।

ਭਾਰਤੀਆਂ ਨੇ ਅੰਗਰੇਜ਼ਾਂ ਦੀ ਪਹਿਲੇ ਵਿਸ਼ਵ ਯੁੱਧ ਵਿਚ ਬੜੀ ਸਹਾਇਤਾ ਕੀਤੀ ਸੀ । ਸੰਨ 1915 ਦੇ ਡੀਫੈਂਸ ਔਫ ਇੰਡੀਆ ਐਕਟ ਅਧੀਨ ਸਰਕਾਰ ਨੂੰ ਰਾਜ ਵਿਰੁੱਧ ਸਾਜ਼ਿਸਾਂ ਰੋਕਣ ਅਤੇ ਸ਼ਹਿਰੀਆਂ ਨੂੰ ਬਿਨਾਂ ਮੁਕੱਦਮਾਂ ਚਲਾਏ ਨਜ਼ਰ ਬੰਦ ਕਰਨ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ । ਅੰਗਰੇਜ਼ੀ ਸਰਕਾਰ ਇਨ੍ਹਾਂ ਅਧਿਕਾਰਾਂ ਨੂੰ ਛਡਣਾ ਨਹੀਂ ਚਾਹੁੰਦੀ ਸੀ । ਰਾਉਲੈਟ ਕਮੇਟੀ ਦੀ ਸਿਫਾਰਸ਼ਾਂ ਤੇ ਭਾਰਤ ਦੀ ਅੰਗ੍ਰੇਜ਼ੀ ਸਰਕਾਰ ਨੇ ਰਾਓਲੈਟ ਐਕਟ 21 ਮਾਰਚ 1919 ਨੂੰ ਪਾਸ ਕੀਤਾ । ਇਸ ਐਕਟ ਅਨੁਸਾਰ ਭਾਰਤੀਆਂ ਦੀ ਆਜ਼ਾਦੀ ਸਲਬ ਕਰ ਦਿਤਾ ਸੀ । ਇਸ ਕਾਲੇ ਕਾਨੂੰਨ ਵਿਰੁੱਧ ਸਾਰੇ ਦੇਸ਼ ਵਿਚ ਰੋਸ ਫੈਲ ਗਿਆ । ਮਹਾਤਮਾ ਗਾਂਧੀ ਨੇ ਲੋਕਾਂ ਨੂੰ ਸਤਿਆਗ੍ਰਹਿ ਕਰਨ ਲਈ ਕਿਹਾ । ਪੰਜਾਬ ਵਿਚ ਸਰਕਾਰ ਦੇ ਵਿਰੁਧ ਜਲਸੇ ਹੋਏ ਅਤੇ ਹੜਤਾਲਾਂ ਹੋਈਆਂ । 1919 ਦਾ ਸਾਲ ਰਾਜਨੀਤਕ ਜਾਗ੍ਰਤੀ ਦਾ ਸਾਲ ਸੀ । ਜਲਿਆਂ ਵਾਲੇ ਬਾਗ਼ ਦਾ ਭਿਆਨਕ ਸਾਕਾ ਹੋਇਆ । ਡਾਇਰ ਦੇ ਗੋਲੀ ਚਲਾਉਣ ਦੇ ਆਦੇਸ਼ ਤੇ ਬਹੁਤ ਪੰਜਾਬੀ ਮਾਰੇ ਗਏ ਜਿਨ੍ਹਾਂ ਵਿਚ ਸਿੱਖਾਂ ਦੀ ਗਣਤੀ ਕਾਫੀ ਸੀ । ਸਿੱਖਾਂ ਵਿਚ ਜਾਗ੍ਰਤੀ ਆ ਗਈ ਸੀ । ਪਰ ਇਸ ਦਾ ਪ੍ਰਭਾਵ ਚੀਫ ਖਾਲਸਾ ਦੀਵਾਨ ਦੇ ਆਗੂਆਂ ਤੇ ਨਾ ਪਿਆ । ਦਰਬਾਰ ਸਾਹਿਬ ਅਤੇ ਖਾਲਸਾ ਕਾਲਜ ਦਾ ਪ੍ਰਬੰਧ ਸਿੱਖ ਪੰਥ ਨੂੰ ਸਪੁਰਦ ਕਰਨ ਦੇ ਮਤੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਪਾਸ ਕੀਤੇ ਜਾ ਰਹੇ ਸਨ । ਇਥੋਂ ਤਕ ਕਿ ਬਸਰੇ ਅਤੇ ਬਗ਼ਦਾਦ ਵਿਚ ਗਏ ਸਿੱਖ ਅਤੇ ਬਰਮਾਂ ਵਿਚ ਰਹਿ ਰਹੇ ਸਿੱਖ ਮੰਗ ਕਰ ਰਹੇ ਸਨ ਕਿ ਦਰਬਾਰ ਸਾਹਿਬ ਤੇ ਨਨਕਾਣਾ ਸਾਹਿਬ ਦਾ ਪ੍ਰਬੰਧ ਸਿੱਖਾਂ ਦੇ ਸਪੁਰਦ ਕੀਤਾ ਜਾਵੇ । ਇਨ੍ਹਾਂ ਮੰਗਾਂ ਵਿਚ ਸਿੰਘ ਸਭਾਵਾਂ ਵੀ ਸ਼ਾਮਲ ਸਨ । ਪਰ ਚੀਫ ਖਾਲਸਾ ਦੀਵਾਨ ਦੇ ਆਗੂਆਂ ਤੇ ਕੋਈ ਪ੍ਰਭਾਵ ਨਹੀਂ ਸੀ ।

ਅੰਗ੍ਰੇਜ਼ੀ ਸਰਕਾਰ ਗੁਰਦੁਆਰਾ ਸੁਧਾਰ ਦੇ ਮਸਲੇ ਨੂੰ ਲਟਕਾ ਰਹੀ ਸੀ ।[3] ਮਾਰਚ, 192● ਨੂੰ ਸਰਕਾਰ ਨੇ ਇਹ ਐਲਾਨ ਕੀਤਾ ਕਿ ਦਰਬਾਰ ਸਾਹਿਬ ਦੇ ਪ੍ਰਬੰਧ ਦਾ ਸਵਾਲ ਸਰਕਾਰ ਦੇ ਵਿਚਾਰ ਅਧੀਨ ਹੈ । ਫੈਸਲਾ ਇਹ ਕੀਤਾ ਗਿਆ ਹੈ ਕਿ ਉਨ੍ਹਾਂ ਚਿਰ ਤਕ ਕੋਈ ਕਾਰਵਾਈ ਨਾ ਕੀਤੀ ਜਾਵੇਂ ਜਦੋਂ ਸੁਧਾਰ ਸਕੀਮ ਤੇ ਅਮਲ ਨਹੀਂ ਹੋ ਜਾਂਦਾ । ਸਿੱਖ ਚੋਣ-ਹਲਕਿਆਂ ਤੋਂ ਚੁਣੇ ਹੋਏ ਪ੍ਰਤਿਨਿਧੀਆਂ ਨਾਲ ਸਰਕਾਰ ਮਸ਼ਵਰਾ ਕਰੇਗੀ ਕਿ ਪ੍ਰਬੰਧ ਵਿਚ ਕੀ ਤਬਦੀਲੀ ਕੀਤੀ ਜਾਵੇ । "ਉਹਨਾਂ ਦੀ ਸਹਾਇਤਾ ਨਾਲ ਇਕ ਕਮੇਟੀ ਬਣਾਈ ਜਾਵੇਗੀ ਜਿਸ ਦੇ ਹੱਥਾਂ ਵਿਚ ਮੈਨੇਜਰ ਦੀ ਨਿਯੁਕਤੀ ਅਤੇ ਹਿਸਾਬ ਕਿਤਾਬ ਦੀ ਪੜਤਾਲ ਸੌਂਪੀ ਜਾਵੇਗੀ ।"[7]

ਇਸ ਤੋਂ ਪ੍ਰਤੱਖ ਹੈ ਕਿ ਸਰਕਾਰ ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖਾਂ ਦੇ ਸਪੁਰਦ ਕਰਨ ਵਿਚ ਟਾਲ-ਮਟੋਲ ਕਰ ਰਹੀ ਹੈ । ਪਰ ਸਿੱਖ ਪ੍ਰਬੰਧ ਪ੍ਰਾਪਤ ਕਰਨ ਲਈ ਬੜੇ ਕਾਹਲੇ ਸਨ । ਸਰਕਾਰ ਗੁਰਦੁਆਰਿਆਂ ਵਿਚ ਸੁਧਾਰ ਨਹੀਂ ਚਾਹੁੰਦੀ ਸੀ । ਉਹ ਆਪਣੇ ਪਿਠੂ ਮਹੰਤਾਂ ਦੇ ਜ਼ਰੀਏ ਗੁਰਦੁਆਰਿਆਂ ਤੇ ਕਾਬਜ਼ ਰਹਿਣਾ ਚਾਹੁੰਦੀ ਸੀ । ਸਿੱਖਾਂ ਲਈ ਅੰਦੋਲਨ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਰਿਹਾ ਸੀ ।

ਰੋਜ਼ਾਨਾ 'ਅਕਾਲੀ' ਲਾਹੌਰ ਤੋਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਤੇ 21 ਮਈ 192● ਨੂੰ ਨਿਕਲਿਆ । ਇਸ ਨੇ ਆਪਣੇ ਪਰਚੇ ਵਿਚ ਸਿੱਖਾਂ ਅਗੇ ਜਿਹੜੇ ਟੀਚੇ ਰਖੇ ਸਨ, ਉਹ ਉਸ ਸਮੇਂ ਦੀ ਰਾਜਸੀ ਅਤੇ ਧਾਰਮਿਕ ਸਥਿਤੀ ਨਾਲ ਨਿਪਟਾਣ ਲਈ ਦਰੁਸਤ ਸਨ । ਆਪਣੀ ਨੀਤੀ ਬਿਆਨ ਕਰਦੇ ਹੋਏ 'ਅਕਾਲੀ' ਨੇ ਹੇਠ ਲਿਖਿਆ ਪ੍ਰੋਗਰਾਮ ਦਿਤਾ ਸੀ :

1। "ਗੁਰਦੁਆਰਿਆਂ ਦਾ ਮਹੰਤੀ ਤੇ ਸਰਬ ਰਾਹੀਂ ਪਰਬੰਧ ਖਤਮ ਕਰਕੇ ਇਹਨਾਂ ਨੂੰ ਸਿਖ ਸੰਗਤਾਂ ਨੂੰ ਜਮਹੂਰੀ ਪਰਬੰਧ ਵਿਚ ਲਿਆਉਣਾ ।

2। ਖਾਲਸਾ ਕਾਲਜ ਨੂੰ ਸਰਕਾਰੀ ਪਰਬੰਧ ਵਿਚੋਂ ਕਢ ਕੇ ਖਾਲਸ ਸਿੱਖਾਂ ਦੇ ਜਮਹੂਰੀ ਪਰਬੰਧ ਵਿਚ ਲਿਆਉਣਾ ।

3। ਸਰਕਾਰ ਦੇ ਹਥੋਂ 1913 ਵਿਚ ਢਾਈ ਗਈ ਗੁਰਦੁਆਰਾ ਰਕਾਬ ਗੰਜ ਦੀ ਕੰਧ ਨੂੰ ਪਹਿਲਾਂ ਵਾਂਗ ਹੀ ਉਸਰਵਾਣਾ ।

4। ਸਿਖ ਜਨਤਾ ਵਿਚ ਰਾਜਸੀ ਤੇ ਕੌਮੀ ਜਾਗਰਤ ਪੈਦਾ ਕਰਕੇ ਉਸ ਨੂੰ ਦੇਸ਼ ਦੇ ਸਾਂਝੇ ਆਜ਼ਾਦੀ ਦੇ ਘੋਲ ਵਿਚ ਸ਼ਾਮਲ ਹੋ ਕੇ ਵਧ ਚੜ੍ਹ ਕੇ ਹਿਸਾ ਲੈਣ ਲਈ ਉਤਸਾਹ ਦੇਣਾ ।

5। ਪੰਚੈਤੀ ਅਸੂਲਾਂ ਮੁਤਾਬਕ ਸਿਖਾਂ ਦੀ ਪ੍ਰਤਿਨਿਧ ਜਥੇਬੰਦੀ ਬਣਾਉਣੀ ।"[8]

6। ਸਿੱਖਾਂ ਦੀ ਗੁਰਦੁਆਰਾ ਸੁਧਾਰ ਲਹਿਰ ਵਿਚ 'ਅਕਾਲੀ' ਅਖਬਾਰ ਦਾ ਮਹਾਨ ਯੋਗਦਾਨ ਸੀ । ਇਸ ਅਖਬਾਰ ਨੇ ਸਿੱਖਾਂ ਵਿਚ ਜਾਗ੍ਰਤੀ ਲਿਆਂਦੀ । ਲੋਕਾਂ ਨੂੰ ਸਰਕਾਰ ਦੀਆਂ ਕੁਟਲ ਨੀਤੀਆਂ ਤੋਂ ਜਾਣੂ ਕਰਾਇਆ ।

ਸੋਹਨ ਸਿੰਘ ਜੋਸ਼ ਲਿਖਦੇ ਹਨ , 'ਅਕਾਲੀ ਅਖਬਾਰ ਨਹੀਂ ਸੀ, ਇਕ ਨਵਾਂ ਆਗੂ ਸੀ ਜਿਹੜਾ ਨਵੇਂ ਬਦਲਦੇ ਹਾਲਾਤ ਵਿਚ ਹਰ ਉਠਦੇ ਮਸਲੇ ਉਤੇ ਅਗਵਾਈ ਦੇਂਦਾ ਸੀ । ਜੋ ਕੁਛ ਅਕਾਲੀ ਕਹਿੰਦਾ ਸੀ, ਉਹ ਕੁਝ ਚਿਰ ਪਿਛੋਂ, ਅਕਾਲੀ ਪਰਚਾਰਕ ਤੇ ਹੋਰ ਪਿਛੋਂ ਆਮ ਲੋਕ ਕਹਿਣ ਲਗ ਜਾਂਦੇ ਸਨ । ਉਹ ਲੋਕਾਂ ਦੇ ਸਹੀ ਜਜ਼ਬਿਆਂ , ਹਾਵਾਂ ਭਾਵਾਂ ਤੇ ਮੰਗਾਂ ਉਮੰਗਾਂ ਦਾ ਅਦਭੂਤ ਵਿਆਖਿਆਕਾਰ ਸੀ । ਇਹ ਧਾਰਮਿਕ ਤੇ ਕੌਮੀ ਸਵਾਲਾਂ ਉਤੇ ਲੋਕਾਂ ਨੂੰ ਲਾਮਬੰਦ ਕਰਦਾ ਸੀ । ਇਸ ਦੇ ਲੱਖ ਅਕਾਲੀਆਂ ਦੇ ਦਿਲਾਂ ਉਤੇ ਜਾਦੂ ਦਾ ਅਸਰ ਰਖਦੇ ਸਨ ਅਤੇ ਇਸ ਵਲੋਂ ਮੋਰਚਿਆਂ ਵਿਚ ਆਓਣ ਲਈ ਸੱਦੇ ਉਤੇ ਅਕਾਲੀ ਦਲ ਦੇ ਮੈਂਬਰ ਸਿਰਾਂ ਉਤੇ ਕੱਫਣ ਬੰਨ੍ਹ ਬੰਨ੍ਹ ਭੱਜੇ ਆਉਂਦੇ ਸਨ।

> "ਅਖੀਰੀ ਨਿਰਣੇ ਵਿਚ, ਅਕਾਲੀ ਅਖਬਾਰ ਅਕਾਲੀ ਤਹਿਰੀਕ ਦਾ ਆਗੂ ਤੇ ਵਿਆਖਿਆਕਾਰ ਸੀ, ਲਾਮ-ਬੰਦ-ਕਾਰ ਤੇ ਜਥੇਬੰਦ ਕਾਰ ਸੀ , ਅਤੇ ਕੌਮੀ ਆਜ਼ਾਦੀ ਦੇ ਸਾਮਰਾਜ ਵਿਰੋਧੀ , ਸਾਂਝੇ ਤੇ ਅਫਿਰਕੂ ਸੰਗਰਾਮ ਦਾ ਝੰਡੇ ਬਰਦਾਰ ਸੀ ।"[9]

ਸਿੱਖਾਂ ਵਿਚ ਜਾਗ੍ਰਤੀ ਆ ਗਈ ਸੀ । ਸਿੱਖ ਦੁਰਾਚਾਰੀ ਮਹੰਤਾਂ ਦਾ ਗੁਰਦੁਆਰਿਆਂ ਤੇ ਕਬਜ਼ਾ ਬਰਦਾਸ਼ਤ ਨਹੀਂ ਕਰ ਸਕਦੇ ਸਨ । ਦਰਬਾਰ ਸਾਹਿਬ ਦਾ ਪ੍ਰਬੰਧ ਸਰਬਰਾਹ ਰਾਹੀਂ ਸਰਕਾਰ ਦੇ ਸਿੱਧੇ ਅਧੀਨ ਸੀ । ਸਿੱਖਾਂ ਲਈ

ਅੰਦੋਲਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਰਹਿ ਗਿਆ ਸੀ । ਕਿਉਂਕਿ ਸਰਕਾਰ ਮਹੰਤਾਂ ਦੀ ਹਿਮਾਇਤੀ ਸੀ , ਇਸ ਲਈ ਸਰਕਾਰ ਨਾਲ ਟਕਰ ਜਰੂਰ ਹੋਣੀ ਸੀ ।'


1. ਸੋਹਨ ਸਿੰਘ ਜੋਸ਼, ਅਕਾਲੀ ਮੋਰਚਿਆਂ ਦਾ ਇਤਿਹਾਸ, ਪੰਨਾ 14
2. Ruchi Ram Sahni, Struggle for Reform in Sikh Shrines, P. 1.
3. ਪ੍ਰਤਾਪ ਸਿੰਘ , ਗੁਰਦੁਆਰਾ ਸੁਧਾਰ ਅਰਥਾਤ ਅਕਾਲੀ ਲਹਿਰ , ਪੰਨਾ 17
4. ਸੋਹਨ ਸਿੰਘ ਜੋਸ਼ ਉਕਤ ਪੰਨਾ 14
5. ਨਿਰੰਜਨ ਸਿੰਘ, ਅਕਾਲੀ ਲਹਿਰ ਦੀਆਂ ਕੁਝ ਯਾਦਾਂ,ਰੋਜ਼ਾਨਾ ਜਥੇਦਾਰ, ਜਲੰਧਰ, 13 ਅਗਸਤ, 1967 (ਨੰ.1)
6. ਸੋਹਨ ਸਿੰਘ ਜੋਸ਼ ਉਕਤ, ਪੰ. 19
7. Tej Simgh, The Gurdwara Reform Movement and the Sikh Awakening P. 102.
8. ਹੀਰਾ ਸਿੰਘ 'ਦਰਦ, ਮੇਰੀਆਂ ਕੁਝ ਇਤਿਹਾਸਕ ਯਾਦਾਂ, ਪੰ. 131
9. ਸੋਹਨ ਸਿੰਘ ਜੋਸ਼ ਉਕਤ, ਪੰ. 23